ਦਫਤਰ ਜਿਲਾ ਸਿਖਿਆ ਅਫਸਰ (ਸੈਸਿ) ਅੰਮ੍ਰਿਤਸਰ

ਵੱਲ,

ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ,
ਸਸਸਸ/ਸਹਸ ਜਿਲਾ ਅੰਮ੍ਰਿਤਸਰ।

ਪੱਤਰ ਨੰ: ਲੇ-1/2020- 141219
ਮਿਤੀ ਅੰਮ੍ਰਿਤਸਰ 18/6/20

ਵਿਸ਼ਾ :- ਪੈਨਸ਼ਨ ਕੇਸ/ਜੀ.ਪੀ.ਐਫ.ਦੀ ਅੰਤਿਮ ਅਦਾਇਗੀ ਕੇਸ ਰਿਟਾਇਰਮੈਂਟ ਤੋਂ 6 ਮਹੀਨੇ ਪਹਿਲਾਂ ਸਬਮਿਟ ਕਰਵਾਉਣ ਸੰਬੰਧੀ।

ਹਵਾਲਾ :- ਇਸ ਦਫਤਰ ਦੇ ਪੱਤਰ ਨੰ: ਲੇ-1/202061605 ਮਿਤੀ 17-2-2020 ਦੇ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਇਸ ਦਫਤਰ ਦੇ ਹਵਾਲਾ ਅਧੀਨ ਪੱਤਰ ਰਾਹੀ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਗਿਆ ਸੀ ਕਿ ਕਈ ਸਕੂਲ ਮੁੱਖੀਆਂ/ਡੀ.ਡੀ.ਓਜ ਵੱਲੋ ਆਪਣੇ ਅਤੇ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਪੈਨਸ਼ਨ/ਜੀ.ਪੀ.ਐਫ. ਕੇਸ ਸਰਕਾਰ ਵੱਲੋ ਸਮੇ-ਸਮੇ ਜਾਰੀ ਹਦਾਇਤਾਂ ਅਨੁਸਾਰ ਨਿਸ਼ਚਿਤ ਸਮੇ ਦੇ ਅੰਦਰ ਸੰਬੰਧਤ ਅਧਿਕਾਰੀ ਦੇ ਦਫਤਰ ਵਿੱਚ ਸਬਮਿਟ ਨਹੀ ਕਰਵਾਏ ਜਾਂਦੇ। ਜਿਸ ਕਾਰਨ ਰਿਟਾਇਰਡ ਕਰਮਚਾਰੀਆਂ/ਅਧਿਕਾਰੀਆਂ ਨੂੰ ਉਨਾਂ ਦੇ ਪੈਨਸ਼ਨਰੀ ਲਾਭ ਬਹੁਤ ਲੇਟ ਹੋ ਜਾਂਦੇ ਹਨ ਅਤੇ ਸਰਕਾਰ/ਵਿਭਾਗ ਨੂੰ ਕਈ ਅਦਾਲਤੀ ਕੇਸਾਂ ਦਾ ਸਾਹਮਣਾ ਕਰਨਾ ਪੈਂਦਾਂ ਹੈ। ਸਰਕਾਰ ਦੇ ਉਲਟ ਫੈਸਲੇ ਆਉਣ ਕਾਰਨ ਸਰਕਾਰ/ਵਿਭਾਗ ਨੂੰ ਵਾਧੂ ਵਿਆਜ ਦੀ ਅਦਾਇਗੀ ਵੀ ਕਰਨੀ ਪੈਂਦੀ ਹੈ। ਇਸ ਪੱਤਰ ਨੂੰ ਬਹੁਤੇ ਸਕੂਲ ਮੁੱਖੀਆਂ ਨੇ ਅਜੇ ਵੀ ਗੰਭੀਰਤਾ ਨਾਲ ਨਹੀ ਲਿਆਂ । ਇੱਥੇ ਇਹ ਵੀ ਦੱਸਣਾ ਯੋਗ ਹੋਵੇਗਾ ਕਿ ਕਰਮਚਾਰੀਆਂ ਦੇ ਪੁਰਾਣੇ ਸਕੂਲਾਂ ਤੋ ਰਿਕਾਰਡ ਮੰਗਵਾਉਣ ਲਈ ਸਕੂਲ ਮੁੱਖੀ ਆਪਣੇ ਸਕੂਲ ਦੇ ਪੱਧਰ ਤੇ ਲਿਖਾ ਪੜੀ ਕਰਨ। ਇਸ ਲਈ ਸਮੂਹ ਸਕੂਲ ਮੁੱਖੀਆਂ/ਡੀ.ਡੀ.ਓਜ. ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਅਤੇ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਪੈਨਸ਼ਨ/ਜੀ.ਪੀ.ਐਫ. ਦੀ ਅੰਤਿਮ ਅਦਾਇਗੀ ਦੇ ਕੇਸ ਸਰਕਾਰ/ਵਿਭਾਗ ਦੀਆਂ ਹਦਾਇਤਾਂ ਅਨੁਸਾਰ ਰਿਟਾਇਰਮੈਂਟ ਦੀ ਮਿਤੀ ਤੋ ਛੇ ਮਹੀਨੇ ਪਹਿਲਾਂ ਸੰਬੰਧਤ ਅਧਿਕਾਰੀ ਦੇ ਦਫਤਰ ਵਿੱਚ ਜਮਾਂ ਕਰਵਾਏ ਜਾਣ।

ਜਿਲਾ ਸਿਖਿਆ ਅਫਸਰ (ਸੈਸਿ),
ਅੰਮ੍ਰਿਤਸਰ।
17/6/20

Scanned with CamScanner